# ਭਾਗ–3

ਇਸ ਲੜੀ ਦੇ ਪਿਛਲਿਆਂ ਦੋ ਭਾਗਾਂ ਵਿਚ ਦਸਿਆ ਜਾ ਚੁੱਕਾ ਹੈ, ਕਿ ਕਾਇਨਾਤ ਦੇ ਜ਼ੱਰੇ–ਜ਼ੱਰੇ ਦੇ ਅੰਤਰ–ਆਤਮੇ, ਇਲਾਹੀ 'ਹੁਕਮ–ਰੂਪੀ' 'ਨਿਜੀ–ਧਰਮੁ', ਉਹਨਾਂ ਦੀ 'ਹੋਂਦ' ਦੇ ਨਾਲ ਹੀ ਲਿਖਿਆ ਯਾ ਪ੍ਰਵੇਸ਼ ਹੈ।

ਇਹੁ ਸਰੀਰੁ ਸਭੁ ਧਰਮੁ ਹੈ
ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ (ਪੰਨਾ–309)

ਜਿਸ ਨੂੰ 84 ਲੱਖ ਜੂਨਾਂ ਤਾਂ, ਅਭੋਲ ਅਤੇ ਅਣਜਾਣੇ ਹੀ 'ਕਮਾ' ਰਹੀਆਂ ਹਨ, ਪਰ ਇਨਸਾਨ ਜੂਨ, ਆਪਣੀ 'ਹਉਮੈ' ਦੇ ਭਰਮ–ਭੁਲਾਵੇ ਵਿਚ, ਆਪਣੀ ਸਿਆਣਪ ਦੁਆਰਾ, ਇਸ 'ਨਾਲ ਲਿਖੇ' 'ਧਰਮੁ' ਤੋਂ ਬੇਮੁਖ ਅਤੇ ਅਵੇਸਲੀ ਹੋ ਕੇ, ਆਪਣੇ ਹੀ 'ਭਾਣੇ' ਵਿਚ ਮਨੁਮਖੀ ਜੀਵਨ ਬਤੀਤ ਕਰਦੀ ਹੈ ਅਤੇ 'ਜਮਾਂ' ਦੇ ਵੱਸ ਪੈਂਦੀ ਹੈ।

ਤੀਖਣ–ਬੁੱਧੀ ਹੁੰਦਿਆਂ ਹੋਇਆ ਭੀ, ਇਨਸਾਨ ਇਸ 'ਨਾਲ ਲਿਖੇ' ਧਰਮੁ ਨੂੰ ਬੁੱਝਣ ਅਤੇ ਸਮਝਣ ਤੋਂ ਅਸਮਰਥ ਹੈ।

ਇਸ ਅਤਿਅੰਤ ਸੂਖਮ ਅਤੇ ਗੁਪਤ 'ਭੇਦ' (Divine-mystery) ਨੂੰ, ਬੁੱਝਣ ਅਤੇ ਸਮਝਣ ਲਈ, ਇਸ ਲੇਖ ਵਿਚ ਉੱਦਮ ਕੀਤਾ ਜਾ ਰਿਹਾ ਹੈ।

ਮੰਨਿਆ ਗਿਆ ਹੈ, ਕਿ 'ਖੜ੍ਹਾ' ਪਾਣੀ ਗੰਧਲਾ ਹੋ ਜਾਂਦਾ ਹੈ ਅਤੇ 'ਚਲਦਾ' ਪਾਣੀ ਨਿਰਮਲ ਅਤੇ ਤਾਜ਼ਾ ਹੁੰਦਾ ਹੈ।

ਚਲਦੇ ਪਾਣੀ ਦਾ ਕਿਸੇ 'ਸੋਮੇ' ਨਾਲ ਸੰਬੰਧ ਹੁੰਦਾ ਹੈ, ਜਿਥੋਂ ਤਾਜ਼ਾ ਨਿਰਮਲ ਪਾਣੀ ਲਗਾਤਾਰ ਵਹਿੰਦਾ ਰਹਿੰਦਾ ਹੈ। ਜਦ ਚਲਦੇ ਪਾਣੀ ਦੀ ਰਵਾਨਗੀ ਵਿਚ, ਕੋਈ ਵਿਘਨ ਪੈ ਜਾਵੇ, ਤਾਂ ਸਰੋਵਰ ਦਾ ਇੱਕਠਾ ਹੋਇਆ ਪਾਣੀ, ਸਹਜੇ–ਸਹਜੇ 'ਮੈਲਾ' ਹੁੰਦਾ ਜਾਂਦਾ ਹੈ। ਬਾਹਰਲੇ, 'ਮੈਲੇ' ਪਾਣੀ ਦੀ

ਰੋੜ੍ਹ ਨਾਲ ਸਰੋਵਰ ਦਾ ਪਾਣੀ ਹੋਰ ਭੀ ਗੰਧਲਾ ਹੁੰਦਾ ਜਾਂਦਾ ਹੈ, ਜਿਸ ਨਾਲ 'ਮੱਛਰ' ਆਦਿ ਉਪਜਦੇ ਹਨ, ਅਤੇ ਗੰਦੀ 'ਹਵਾੜ' ਨਾਲ ਅਨੇਕਾਂ ਕਿਸਮ ਦੀਆਂ ਬੀਮਾਰੀਆਂ ਫੈਲਦੀਆਂ ਹਨ।

ਦੂਜੇ ਲਫ਼ਜ਼ਾਂ ਵਿਚ ਜਦ ਤਾਈਂ 'ਸਰੋਵਰ' ਦਾ, ਆਪਣੇ 'ਸੋਮੇ' ਨਾਲ 'ਮੇਲ' (connection) ਰਹਿੰਦਾ ਹੈ—ਤਦ ਤਾਈਂ, ਸਰੋਵਰ ਦਾ ਪਾਣੀ ਤਾਜ਼ਾ ਅਤੇ ਨਿਰਮਲ ਰਹਿੰਦਾ ਹੈ ਅਤੇ 'ਜੀਵ-ਜੰਤ' ਇਸ ਤੋਂ ਲਾਹਾ ਲੈਂਦੇ ਹਨ।

ਪਰ ਜਦ 'ਸੋਮੇ' ਵਿਚੋਂ ਆ ਰਹੀ 'ਖਾਲ', ਕੂਲ੍ਹ ਯਾ 'ਪਾਣੀ ਦੀ ਧਾਰਾ' ਵਿਚ ਕੋਈ ਵਿਘਨ ਪੈਜਾਵੇ, ਤਾਂ ਤਾਜ਼ਾਂ ਪਾਣੀ ਦੀ ਰਵਾਨਗੀ ਬੰਦ ਹੋ ਜਾਂਦੀ ਹੈ—ਜਿਸ ਕਾਰਨ ਸਰੋਵਰ ਨੂੰ ਤਾਜ਼ਾ ਪਾਣੀ ਨਹੀਂ ਮਿਲਦਾ ਅਤੇ ਉਸ ਵਿਚ ਪਿਆ ਪਾਣੀ, ਸਹਜੇ-ਸਹਜੇ ਸੁੱਕ ਕੇ ਘਟਦਾ ਜਾਂਦਾ ਹੈ ਅਤੇ 'ਗੰਧਲਾ' ਹੁੰਦਾ ਜਾਂਦਾ ਹੈ।

ਇਸ ਤਰ੍ਹਾਂ ਸਰੋਵਰ ਦਾ ਪਾਣੀ
ਲਾਭਦਾਇਕ ਹੋਣ ਦੀ
ਬਜਾਇ
ਹਾਨੀਕਾਰਕ ਬਣ ਜਾਂਦਾ ਹੈ।

ਐਨ ਏਸੇ ਤਰ੍ਹਾਂ ਹੀ, ਜਦ ਤਾਂਈ ਸਾਡਾ 'ਮਨੁ-ਰੂਪੀ' ਸਰੋਵਰ, ਅਨੁਭਵੀ 'ਸੁਰਤ-ਸਬਦ' ਦੁਆਰਾ, 'ਹੁਕਮੁ', 'ਸਬਦੁ', 'ਨਾਮੁ' ਦੇ 'ਸੋਮੇ' ਨਾਲ ਮਿਲਿਆ ਯਾ ਜੁੜਿਆ ਰਹਿੰਦਾ ਹੈ, ਤਦ ਤਾਈਂ, ਇਲਾਹੀ 'ਹੁਕਮੁ' ਯਾ 'ਨਾਮੁ' ਦੀ 'ਰਵਾਨਗੀ' ਦੁਆਰਾ, ਸਾਡੇ 'ਮਨ, ਤਨ, ਚਿਤ' ਵਿਚ ਸਾਰੇ ਆਤਮਿਕ ਦੈਵੀ ਗੁਣ, ਸਹਜ ਸੁਭਾਇ ਪ੍ਰਦਾਨ ਅਤੇ ਪ੍ਰਵੇਸ਼ਉਂਦੇ ਰਹਿੰਦੇ ਹਨ।

ਇਸ ਤਰ੍ਹਾਂ ਸਾਡੇ ਮਨ ਰੂਪੀ ਸਰੋਵਰ ਵਿਚ ਗੰਧਲਾਪਨ ਤੇ ਸੜ੍ਹਾਂਦ ਨਹੀਂ ਉਪਜਦੀ। ਸਾਡੀ ਅੰਤਰ-ਆਤਮਾ ਸਵੱਛ, ਨਿਰਮਲ, ਸ਼ਾਂਤ, ਖਿੜੀ ਹੋਈ ਤੇ ਚੜ੍ਹਦੀ ਕਲਾ ਵਿਚ ਰਹਿੰਦੀ ਹੈ।

ਇਸ ਤਰ੍ਹਾਂ, ਅਸੀਂ 'ਹੁਕਮੁ-ਰੂਪੀ' 'ਧਰਮੁ' ਨੂੰ ਅੰਤਰ-ਆਤਮੇ ਅਨੁਭਵ ਕਰਕੇ, ਕਮਾ ਰਹੇ ਹੁੰਦੇ ਹਾਂ ਅਤੇ 'ਆਤਮਿਕ-ਸੇਵਾ' ਕਰਦਿਆਂ ਹੋਇਆਂ—ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ,ਆਪਣਾ ਅਮੋਲਕ ਜੀਵਨ ਸਫ਼ਲ ਕਰ ਰਹੇ ਹੁੰਦੇ ਹਾਂ। ਇਹੋ ਸਹੀ ਧਰਮੁ ਹੈ।

ਹੁਣ ਲਉ ਦੂਜਾ ਪੱਖ —

ਜਦ ਸਾਡਾ ਮਨ, ਆਪਣੇ ਸੋਮੇ 'ਅਕਾਲ ਪੁਰਖ' ਦੇ 'ਹੁਕਮੁ-ਰੂਪੀ' ਨਾਲ ਲਿਖੇ 'ਧਰਮੁ' ਯਾ 'ਨਾਮੁ' ਨੂੰ 'ਭੁਲ' ਜਾਂਦਾ ਹੈ, ਯਾ ਬੇਮੁਖ ਹੋ ਜਾਂਦਾ ਹੈ, ਤਾਂ ਸਾਡੀ 'ਸ਼ਰਧਾ-ਭਾਵਨੀ' ਦੀ ਧਾਰਾ ਯਾ ਪ੍ਰਣਾਲੀ ਵਿਚ ਵਿਘਨ ਪੈ ਜਾਂਦਾ ਹੈ, ਜਿਸ ਕਾਰਨ, ਅਸੀਂ ਆਤਮ-ਮੰਡਲ ਦੇ ਸਾਰੇ ਦੈਵੀ ਗੁਣਾਂ ਤੋਂ ਵਾਂਝੇ ਹੋ ਜਾਂਦੇ ਹਾਂ ਅਤੇ ਸਾਡਾ ਮਨ, ਹਉਮੈ ਦੇ ਭਰਮ-ਭੁਲਾਵੇ ਵਿਚ ਬਾਹਰਮੁਖੀ 'ਕੁਸੰਗਤ' ਨਾਲ ਮਲੀਨ ਹੋ ਜਾਂਦਾ ਹੈ।

ਇਸ ਤਰ੍ਹਾਂ ਅਸੀਂ, ਮੈਲੇ ਤੇ ਗੰਧਲੇ ਮਨਾਂ ਨਾਲ ਹਉਮੈ ਦੇ ਭਮਰ-ਭੁਲਾਵੇ ਵਿਚ ਅਕਾਲ-ਪੁਰਖ ਤੋਂ 'ਸ਼ਰਧਾ ਹੀਨ' ਅਤੇ 'ਬੇਮੁਖ' ਹੋ ਜਾਂਦਾ ਹਾਂ। ਆਪਣੀ ਸਿਆਣਪ ਦੇ ਆਸਰੇ, ਆਪਣੇ 'ਭਾਣੇ' ਵਿਚ ਵਿਚਰ ਕੇ, ਅਨੇਕਾਂ ਦੁਖ-ਕਲੇਸ਼ ਭੋਗਦੇ ਹੋਏ, ਰੋਂਦੇ ਪਿੱਟਦੇ ਅਤੇ ਖੱਜਲ-ਖੁਆਰ ਹੁੰਦੇ ਹਾਂ।

'ਆਪਣੇ ਭਾਣੇ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥' (ਪੰਨਾ-601)

'ਦੁਖ ਤਦੇ ਜਾ ਵਿਸਰਿ ਜਾਵੈ ॥<br>
ਭੁਖ ਵਿਆਪੈ ਬਹੁ ਬਿਧਿ ਧਾਵੈ ॥' (ਪੰਨਾ-98)

'ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥<br>
ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥' (ਪੰਨਾ-66)

'ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥<br>
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥' (ਪੰਨਾ-135)

'ਹੁਕਮੁ ਨ ਜਾਣੈ ਬਹੁਤਾ ਰੋਵੈ ॥<br>
ਅੰਦਰਿ ਧੋਖਾ ਨੀਦ ਨ ਸੋਵੈ ॥' (ਪੰਨਾ-85)

ਇਸ ਤਰ੍ਹਾਂ, ਅਕਾਲ-ਪੁਰਖ ਨੂੰ—

ਭੁੱਲ ਕੇ

ਵਿਸਾਰ ਕੇ

ਬੇਮੁਖ ਹੋ ਕੇ

ਆਪਣੇ ਭਾਣੇ ਵਿਚ ਚੱਲਣ ਨਾਲ—

1. ਮਾਇਆ ਦੇ ਭਰਮ-ਭੁਲਾਵੇ ਵਿਚ ਵਿਚਰਦੇ ਹਾਂ।

2. ਹਉਮੈ ਦੇ ਦੀਰਘ ਰੋਗ ਵਿਚ ਗਲਤਾਨ ਹੁੰਦੇ ਹਾਂ।

3. ਦੈਵੀ ਗੁਣਾਂ ਤੋਂ ਵਾਂਝੇ ਰਹਿੰਦੇ ਹਾਂ।

4. ਮਾਇਕੀ ਅਗਨ-ਸੋਕ ਸਾਗਰ ਵਿਚ ਸੜਦੇ ਹਾਂ।

5. ਆਪਣਿਆਂ ਪਾਪਾਂ ਦਾ ਨਤੀਜਾ ਭੁਗਤਦੇ ਹਾਂ।

6. ਆਵਾਗਵਨ ਵਿਚ ਪੈਂਦੇ ਹਾਂ।

7. ਜਮਾਂ ਦੇ ਵਸ ਪੈਂਦੇ ਹਾਂ।

8. ਨਰਕ ਭੋਗਦੇ ਹਾਂ।

ਦੂਜੇ ਪਾਸੇ, ਅਕਾਲ ਪੁਰਖ ਦੀ 'ਯਾਦ' ਯਾ ਸਿਮਰਨ ਨਾਲ—

1. 'ਅਨੁਭਵ' ਖੁਲ੍ਹਦਾ ਹੈ।

2. ਸ਼ਰਧਾ ਭਾਵਨੀ ਉਪਜਦੀ ਹੈ।

3. ਆਪਣੇ ਨਾਲ ਲਿਖੇ 'ਧਰਮੁ' ਦੀ ਸੋਝੀ ਆਉਂਦੀ ਹੈ।

4. ਇਲਾਹੀ 'ਹੁਕਮ-ਰੂਪੀ' ਧਰਮੁ ਕਮਾਇਆ ਜਾਂਦਾ ਹੈ।

5. ਇਲਾਹੀ 'ਭਾਣਾ' ਮੰਨਿਆ ਜਾਂਦਾ ਹੈ।

6. ਸਤਿਗੁਰ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ।

7. ਆਤਮ ਮੰਡਲ ਦੇ ਸਾਰੇ ਦੈਵੀ ਗੁਣ ਅਤੇ 'ਦਾਤਾਂ' ਪ੍ਰਦਾਨ ਹੁੰਦੀਆਂ ਹਨ।

8. ਇਲਾਹੀ 'ਪ੍ਰੀਤ-ਡੋਰੀ' ਨਾਲ ਬੱਝ ਜਾਈਦਾ ਹੈ।

9. ਬੈ-ਖਰੀਦ 'ਹੁਕਮੀ-ਬੰਦੇ' ਬਣ ਕੇ ਸੇਵਾ ਹੁੰਦੀ ਹੈ।

10. ਜੀਵਨ ਸੁਖੀ ਅਤੇ ਸਫ਼ਲ ਹੁੰਦਾ ਹੈ।

11. ਮਾਇਕੀ ਭਰਮ-ਭੁਲਾਵਾ ਦੂਰ ਹੁੰਦਾ ਹੈ।

12. ਹਉਮੈ ਦੇ ਦੀਰਘ ਰੋਗ ਤੋਂ ਬਚੀਦਾ ਹੈ।

13. ਮਾਇਕੀ ਆਤਿਸ਼-ਦੁਨੀਆਂ ਤੋਂ ਬਚੀਦਾ ਹੈ।

14. ਆਵਾਗਵਨ ਤੋਂ ਛੁਟਕਾਰਾ ਮਿਲਦਾ ਹੈ।

15. ਜਮਾਂ ਤੋਂ ਬਚੀਦਾ ਹੈ।

16. ਪਰਮੇਸਰ ਦੇ ਚਰਨਾਂ ਵਿਚ ਸਮਾਈ ਹੁੰਦੀ ਹੈ।

ਸੰਸਾਰ ਵਿਚ ਦੋ ਕਿਸਮ ਦੇ ਧਰਮ ਪਰਵਿਰਤ ਹਨ—

1. ਅੰਤਰਮੁਖੀ—'ਨਾਲ ਲਿਖਿਆ'—ਆਤਮਿਕ 'ਧਰਮੁ', ਅਤੇ

2. ਬਾਹਰਮੁਖੀ—'ਅਪਨਾਏ' ਹੋਏ ਵਖ-ਵਖ 'ਧਰਮ'

ਇਹਨਾਂ ਦੋਹਾਂ ਦਾ ਨਿਖਰਵਾਂ ਨਿਰਨਾ ਕਰਨ ਦੀ ਅਤਿਅੰਤ ਲੋੜ ਹੈ, ਕਿਉਂਕਿ ਖਲਕਤ ਨੂੰ 'ਧਰਮ' ਦੀ ਬਾਬਤ ਬੇਅੰਤ ਭੁਲੇਖੇ ਪਏ ਹੋਏ ਹਨ।

ਪਿਛੇ ਦਸਿਆ ਜਾ ਚੁਕਿਆ ਹੈ, ਕਿ 'ਹੁਕਮ-ਰੂਪੀ' ਇਲਾਹੀ ਧਰਮੁ—ਵਿਸ਼ਵ ਵਿਚ, ਕਾਇਨਾਤ ਦੇ ਅੰਤਰ-ਆਤਮੇ, 'ਨਾਲ ਲਿਖਿਆ' ਹੋਇਆ ਹੈ, ਜੋ,

ਸਦੀਵੀ<br>
ਜੁਗੋ-ਜੁਗ<br>
ਇਕ-ਸਾਰ<br>
ਗੁਪਤੋ-ਗਪਤੀ

ਵਿਆਪਕ ਹੋ ਕੇ ਵਰਤ-ਰਹਿਆ ਹੈ, ਜਿਸ ਦੁਆਰਾ ਸਾਰੀ ਕਾਇਨਾਤ—

ਉਪਜਦੀ<br>
ਪਲਦੀ<br>
ਪ੍ਰਫੁਲਤ ਹੁੰਦੀ<br>
ਮੌਲਦੀ<br>
ਖਿੜਦੀ ਅਤੇ<br>
ਬਿਨਸਦੀ ਹੈ।

ਇਹ ਅੰਤ੍ਰਿਵ ਇਲਾਹੀ ਵਿਸ਼ਵ 'ਧਰਮੁ'—

ਅਭੁਲ ਹੈ<br>
ਅਟੱਲ ਹੈ<br>
ਇਕੋ-ਇਕ ਹੈ<br>
ਸਰਬੱਗ ਹੈ<br>
ਨਾਲ ਲਿਖਿਆ ਹੈ<br>
ਬਦਲਦਾ ਨਹੀਂ

ਬੁੱਧੀ ਦੀ ਪਕੜ ਤੋਂ ਪਰੇ ਹੈ

ਤੇ ਅਨੁਭਵੀ ਆਤਮਿਕ ਮੰਡਲ ਦੀ ਗੁਪਤ 'ਖੇਡ' ਹੈ।

ਇਸ 'ਗੁਪਤ' ਇਲਾਹੀ ਵਿਸ਼ਵ ਧਰਮੁ ਵਿਚ, ਸਾਰੇ ਆਤਮਿਕ ਮੰਡਲ ਦੇ ਦੈਵੀ 'ਗੁਣ' :—

ਨਿਰਮਲਤਾ

ਪ੍ਰੀਤ

ਪ੍ਰੇਮ

ਪਿਆਰ

ਪਿਰਮ–ਰਸ

ਚਹਉ

ਦਇਆ

ਖਿਮਾ

ਸ਼ਾਂਤੀ

ਸੁੱਖ

ਅਨੰਦ

ਮੈਤ੍ਰੀ–ਭਾਵ

ਸਬਦੁ

ਨਾਮੁ ਆਦਿ

ਪ੍ਰਵੇਸ਼ ਹਨ ਅਤੇ ਸਹਜੇ ਸੁਭਾਇ, ਆਪ–ਮੁਹਾਰੇ, ਪਰਵਿਰਤ ਹੋ ਰਹੇ ਹਨ, ਜਿਸ ਤਰ੍ਹਾਂ ਕਿ ਧੁੱਪ ਵਿਚ—ਸੂਰਜ ਦੇ ਸਾਰੇ ਗੁਣ।

ਦੂਜੇ ਪਾਸੇ, ਸੰਸਾਰ ਵਿਚ ਅਨੇਕਾਂ ਅੱਡੋ–ਅੱਡੀ ਬਾਹਰਮੁਖੀ 'ਧਰਮ' (outer religions) ਪ੍ਰਚਲਤ ਹਨ, ਜਿਨ੍ਹਾਂ ਦੇ ਅੱਗੋਂ, ਅਨੇਕਾਂ ਫਿਰਕੇ, ਸੰਪਰਦਾਵਾਂ ਬਣੀਆਂ ਹੋਈਆਂ ਹਨ। ਇਹਨਾਂ ਸਾਰਿਆਂ ਧਰਮਾਂ ਅਤੇ ਫ਼ਿਰਕਿਆਂ ਦੇ ਭਿੰਨ–ਭਿੰਨ :—

ਇਸ਼ਟ

ਸਿਧਾਂਤ

ਮਰਿਆਦਾ

ਕਰਮ-ਕਾਂਡ

ਰਹੁ-ਰੀਤ

ਰੇਖ

ਭੇਖ

ਦਰਸ਼ਨ

ਹਨ, ਜੋ ਸਮੇਂ-ਸਮੇਂ ਸਿਰ ਬਦਲਦੇ ਰਹਿੰਦੇ ਹਨ।

ਇਹਨਾਂ ਬਾਹਰਮੁਖੀ ਧਰਮਾਂ ਦੀ 'ਭਿੰਨਤਾ' ਜਾਂ 'ਵਖਰੇਪਨ' ਦੇ ਕਾਰਨ—

ਗ਼ਲਤ ਫ਼ਹਿਮੀਆਂ

ਵਾਦ-ਵਿਵਾਦ

ਈਰਖਾ

ਦਵੈਤ

ਨਫ਼ਰਤ

ਤਅੱਸੁਬ

ਲੜਾਈਆਂ

ਜਹਾਦ

ਜ਼ੁਲਮ

ਅਤਿਆਚਾਰ, ਆਦਿ

ਪੈਦਾ ਹੁੰਦੇ ਰਹਿੰਦੇ ਹਨ, ਜੋ ਕਿ ਕਈ ਵਾਰੀ ਅਤਿਅੰਤ ਦੁਖਦਾਈ ਅਤੇ ਤਬਾਹੀ ਦਾ ਕਾਰਨ ਬਣਦੇ ਹਨ।

ਪਰੰਤੂ 'ਧਰਮੁ', ਜੋ ਕਿ ਮੂਲ-ਪੱਖ ਤੋਂ ਇਕੋ-ਇਕ ਹੈ, ਦੋ ਜਾਂ ਬਹੁਤੇ ਨਹੀਂ, ਦੇ ਸੰਬੰਧ ਵਿਚ ਸਮਝਣ ਵਾਲੀ ਅਤੀ ਜ਼ਰੂਰੀ ਗੱਲ ਇਹ ਹੈ ਕਿ, ਕਾਇਨਾਤ ਦੇ ਜ਼ੱਰੇ-ਜ਼ੱਰੇ ਵਿਚ ਇਕੋ 'ਅਕਾਲ ਪੁਰਖ' ਦੀ ਜੋਤ ਪ੍ਰਵੇਸ਼ ਹੈ।

'ਸਭ ਮਹਿ ਜੋਤਿ ਜੋਤਿ ਹੈ ਸੋਇ ॥' (ਪੰਨਾ-13)

ਸਾਰੇ ਪ੍ਰਾਣੀਆਂ ਵਿਚ, ਇਕੋ ਕਰਤਾ ਪੁਰਖ ਦੀ ਜੋਤ ਹੋਣ ਕਰਕੇ, ਸਾਰੇ ਉਸੇ ਪਰਮ-ਜੋਤ ਪ੍ਰਭੂ ਦੀ ਹੀ ਅੰਸ਼ ਹਨ। ਲੋਕਾਂ ਨੇ ਆਪਣੀ ਆਪਣੀ ਮਰਜ਼ੀ ਅਨੁਸਾਰ, ਵੱਖ-ਵੱਖ ਤਰ੍ਹਾਂ ਦੇ ਪਹਿਰਾਵੇ ਪਾ ਕੇ, ਕੁਦਰਤੀ-ਮਿਲ। ਮਨੁੱਖੀ-

ਸਰੂਪ ਨੂੰ ਵਿਕਾੜ ਕੇ, (ਜਿਸ ਨੂੰ ਆਧੁਨਿਕ ਸਭਿਅਤਾ, ਮੌਜੂਦਾ ਤਹਿਜ਼ੀਬ ਅਨੁਸਾਰ 'ਸੰਵਾਰਨਾ' ਆਖਦੀ ਹੈ।) ਅਨੇਕ ਤਰ੍ਹਾਂ ਦੀ ਮਰਿਆਦਾ ਤੇ ਅਸੂਲ ਘੜ ਕੇ, ਮਨੁਖੀ ਭਾਈਚਾਰੇ ਨੂੰ ਵੱਖ-ਵੱਖ ਫ਼ਿਰਕਿਆਂ ਜਾਂ ਧਰਮਾਂ ਵਿਚ ਵੰਡਣ ਦਾ ਯਤਨ ਕੀਤਾ ਹੈ ਅਤੇ ਫਿਰ, ਆਪਣੇ ਬਣਾਏ ਹੋਏ 'ਧਰਮ' ਨੂੰ ਦੂਜਿਆਂ ਨਾਲੋਂ ਸ਼੍ਰੇਸ਼ਟ, ਚੰਗਾ ਤੇ ਉਤਮ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਇਹ ਸਾਰੇ ਰਲ ਕੇ ਭੀ ਉਸ ਅਸਲੀ ਤੇ ਮੂਲ 'ਇਲਾਹੀ-ਧਰਮੁ' ਦੀ ਹੋਂਦ ਤੇ ਸਚਾਈ ਨੂੰ ਮੇਟ ਨਹੀਂ ਸਕਦੇ।

'ਅਕਾਲ ਪੁਰਖ' ਨੇ ਸਭ ਨੂੰ ਸਰੀਰ ਦਿੱਤਾ ਹੈ, ਸਰੀਰ ਦੇ ਨੱਕ, ਕੰਨ, ਮੂੰਹ, ਅੱਖਾਂ, ਹੱਥ-ਪੈਰ ਭੀ ਸਭ ਨੂੰ ਇਕੋ ਜਿਹੇ ਦਿੱਤੇ ਹਨ। ਸਰੀਰ ਪ੍ਰਾਣਦਾਇਕ ਸ਼ਕਤੀ ਤੇ ਜਾਗਦੀ ਜੋਤ, ਕਰਤਾਰ ਨੇ ਆਪ ਰਖ ਕੇ, ਜੀਵ ਨੂੰ ਸੰਸਾਰ ਵਿਚ ਭੇਜਿਆ ਹੈ :—

'ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ ॥' (ਪੰਨਾ-921)

ਮਨੁੱਖ ਵਿਚ ਜੋ ਸਵਾਸ ਚਲਦੇ ਹਨ ਇਹ ਭੀ ਉਸੇ ਦਾਤੇ ਦੀ ਦੇਣ ਹੈ :

'ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥'
(ਪੰਨਾ-922)

ਸਾਰਿਆਂ ਅੰਦਰ ਜੋਤ ਇਕ ਹੈ ਅਤੇ ਇਸ ਜੋਤ ਦਾ ਸੋਮਾ ਯਾ ਮੂਲ ਵੀ ਇਕ ਅਕਾਲ ਪੁਰਖ ਹੀ ਹੈ, ਇਸ ਲਈ ਅਸੀਂ ਸਾਰੇ :—

'ਏਕ ਪਿਤਾ ਏਕਸ ਕੇ ਹਮ ਬਾਰਿਕ'

ਅਤੇ

'ਸਭੇ ਸਾਂਝੀਵਾਲ'

ਸਦਾਉਂਦੇ ਹਾਂ।

ਝਾਂਤੇ, ਸਾਡਾ ਸਭ ਦਾ ਅਸਲਾ ਅਤੇ ਜੀਵਨ-ਦਾਤਾ ਇਕ ਹੋਣ ਕਰਕੇ, 'ਨਾਲ ਲਿਖਆ' 'ਹੁਕਮੁ-ਰੂਪੀ' 'ਧਰਮੁ' ਭੀ ਇਕ ਹੀ ਹੈ।

ਹਾਂ ਜੀ, ਇਕੋ-ਇਕ ਸਭਨਾਂ ਵਿਚ ਵਸ ਰਹਿਆ ਅਕਾਲ ਪੁਰਖ :—

ਪ੍ਰੇਮ ਖੁਰਖ ਹੈ।

ਅਤਿ–ਪ੍ਰੀਤਮ ਹੈ।
ਰੰਗ–ਰਤਾ ਹੈ।
ਲਾਲ–ਰੰਗੀਲਾ ਹੈ।
ਪ੍ਰੇਮ–ਪਿਰੀ ਹੈ।
(God is Love)

ਇਸ ਲਈ, ਇਕੋ ਇਲਾਹੀ ਪਿਆਰ ਦੀ 'ਪ੍ਰੀਤ–ਡੋਰੀ' ਨਾਲ ਸਾਰੇ ਹੀ 'ਜੀਵ' ਬੱਝੇ ਹੋਏ ਹਨ ਅਤੇ ਮੂਲ ਵਲ ਖਿਚੀਂ ਜਾ ਰਹੇ ਹਨ।

ਇਸ ਸੂਖਮ, ਗੁਪਤ, ਇਲਾਹੀ 'ਪ੍ਰੀਤ–ਡੋਰੀ' ਯਾ 'ਅਕਿਰਖਣ ਸ਼ਕਤੀ' (secret Divine gravity) ਦੁਆਰਾ, ਪਰਮੇਸ਼ਰ — ਆਪਣੀ 'ਅੰਸੂ–ਰੂਪੀ' ਜੀਵਾਂ ਨੂੰ ਆਪਣੇ ਵਲ ਗੁਪਤੀ ਤਰ ਤੇ ਖਿਚੀ ਰਖਦਾ ਹੈ।

'ਤੋਰੀ ਨ ਤੂਟੈ ਛੋਰੀ ਐਸੀ ਮਾਧੋ ਖਿੰਚ ਤਨੀ ॥' (ਪੰਨਾ–827)

ਇਸ ਇਲਾਹੀ 'ਪ੍ਰੀਤ–ਡੋਰੀ' ਦਾ 'ਸਰੂਪ' :—

ਸ਼ਰਧਾ–ਭਾਵਨੀ
ਭਉ–ਭਾਵਨੀ
ਪ੍ਰੇਮ–ਸਵੈਪਨਾ
ਪਿਆਰ–ਤਾਂਘ
ਆਤਮਿਕ–ਕਾਂਖੀ
ਬਿਰਹਾ
ਸੇਵਾ–ਭਾਵ
ਸਿਮਰਨ
ਆਪਾਵਾਰਨਾ ਹੈ,

ਜਿਸ ਦੁਆਰਾ ਪਰਮੇਸ਼ਰ, ਆਪਣੀ 'ਜੀਵ–ਰੂਪੀ' ਅੰਸ ਨੂੰ ਗੁਪਤੀ ਤੌਰ ਤੇ :—

ਖੇਲ–ਖਿਲਾਉਂਦਾ ਹੈ
ਲਾਡ–ਲਡਾਉਂਦਾ ਹੈ

ਪ੍ਰਤਿ-ਪਾਲਦਾ ਹੈ
ਸਾਰ-ਸਮਾਲਦਾ ਹੈ
ਮਾਂ-ਪਿਆਰ ਜਤਾਉਂਦਾ ਹੈ।
ਪਿਰਮ ਪਿਆਲਾ ਪਿਲਾਉਂਦਾ ਹੈ
ਪਿਰਮ-ਰਸ ਬਖਸ਼ਦਾ ਹੈ
ਨਦਰਿ ਕਰਮ ਕਰਦਾ ਹੈ।

ਦੁਨੀਆਂ ਦੇ ਸਾਰੇ ਮਾਇਕੀ ਸੰਬੰਧ ਜਾਂ 'ਨਾਤੇ' ਜਿਵੇਂ ਕਿ—

ਮੋਹ
ਮਮਤਾ
ਪਿਆਰ
ਸਨੇਹ
ਇਸ਼ਕ
ਪ੍ਰੇਮ
ਬਿਰਹਾ, ਆਦਿ

ਇਸੇ ਗੁਪਤ ਇਲਾਹੀ 'ਪ੍ਰੇਮ-ਖੇਲ' ਦਾ ਹੀ 'ਅਕਸ' (reflection) ਜਾਂ 'ਝੌਲਾ' ਜਿਹਾ ਪ੍ਰਕਾਸ਼ ਅਤੇ ਪਰਵਿਰਤੀ ਹੈ।

ਇਸੇ ਪ੍ਰੀਤ-ਡੋਰੀ ਦੀ—

'ਖਿਚ' ਅਨੁਭਵ ਕਰਨੀ
'ਖਿਚ' ਖਾਣੀ
ਪਿਆਰ ਤੁਣਕੇ ਸਹਾਰਨੇ
ਤੁਣਕਿਆਂ ਨਾਲ ਮਨ ਦਾ ਨੱਚਣਾ
ਪਿਆਰ ਵਿਚ 'ਮੌਲਨਾ'

ਪਿਆਰ ਵਿਚ 'ਪੈਲਾਂ ਪਾਉਣੀਆਂ'
ਪਿਆਰ ਵਿਚ ਲੋਟ-ਪੋਟ ਹੋਣਾ
ਪ੍ਰੇਮ-ਸੁੈਪਨਾ ਵਿਚ ਉਡਾਰੀਆਂ ਲਾਉਣੀਆਂ
ਮਜੀਠੇ ਰੰਗ ਵਿਚ 'ਰੰਗੇ' ਜਾਣਾ

ਪ੍ਰੇਮ-ਬਿਛੋਹ ਵਿਚ 'ਘੁਲਣਾ'
ਪਿਰਮ ਰਸ ਵਿਚ 'ਅਲਮਸਤ' ਹੋਣਾ
ਪ੍ਰੇਮ ਖੁਮਾਰੀ ਵਿਚ 'ਬੇਖੁਦ' ਹੋਣਾ
ਪ੍ਰੇਮ ਸਾਗਰ ਵਿਚ ਤਾਰੀਆਂ ਲਾਉਣੀਆਂ
ਪ੍ਰੇਮ-ਰਸ ਦੇ ਗਟਾਕ ਪੀਣੇ
ਬਿਰਹੋਂ ਵਿਚ ਭੰਨੇ ਜਾਣਾ
ਅਛੋਪ ਖਿਚੇ ਜਾਣਾ
'ਚੁਪ-ਪ੍ਰੀਤ' ਅਨੁਭਵ ਕਰਨੀ
'ਚੁਪ-ਪ੍ਰੀਤ' ਦੀ ਬੋਲੀ ਸਮਝਣੀ
'ਚੁਪ-ਪ੍ਰੀਤ' ਦੇ ਕੋਮਲ ਸਨੇਹੜੇ ਸੁਣਨੇ
'ਚੁਪ-ਪ੍ਰੀਤ' ਦੀਆਂ ਮਿਠੀਆਂ ਰਮਜ਼ਾਂ ਬੁਝਣੀਆਂ
'ਚੁਪ-ਪ੍ਰੀਤ' ਦੀਆਂ ਅਦਾਵਾਂ ਦੇ ਕਟਾਖਾਂ ਦਾ ਰਸ ਮਾਨਣਾ
'ਚੁਪ-ਪ੍ਰੀਤ' ਦੀ ਲੇਵਾ ਦੇਵੀ ਹੋਣੀ
'ਚੁਪ-ਪ੍ਰੀਤ' ਵਿਚ ਗਵਾਚ ਜਾਣਾ

ਹੀ, ਸਾਰਿਆਂ 'ਜੀਵਾਂ' ਦਾ—

ਗੁਪਤ
ਅੰਤਰਮੁਖੀ
'ਇਕੋ-ਇਕ'
'ਸਰਬੱਗ'
'ਵਿਸ਼ਵ'
'ਅਨੁਭਵੀ'

ਇਲਾਹੀ 'ਧਰਮੁ' ਹੈ, ਜਿਸ ਦੀ ਖਿਚ ਨਾਲ, ਸਾਰੇ ਜੀਵ—
ਆਪਣੇ ਕੇਂਦਰ, 'ਪਰਮੇਸ਼ਰ' ਵਲ
ਅਤੇ

ਆਪਣੇ 'ਅੰਸ਼-ਰੂਪੀ' ਨਾਤੇ ਸਦਕਾ, 'ਦੂਜਿਆਂ ਜੀਵਾਂ' ਵਲ ਅਭੋਲ ਅਤੇ ਅਣਜਾਣੇ ਹੀ ਖਿਚੇ ਜਾ ਰਹੇ ਹਨ।

ਇਸ ਇਲਾਹੀ 'ਵਿਸ਼ਵ-ਧਰਮੁ' ਵਿਚ, ਮਾਇਕੀ ਮੰਡਲ ਦੇ ਅਉਗਣ—

ਈਰਖਾ

ਦੂਜਾ ਭਾਵ

ਦਵੈਤ

ਨਫ਼ਰਤ ਤਅੱਸੁਬ

ਵਾਦ-ਵਿਵਾਦ

ਲੜਾਈਆਂ

ਖ਼ੂਨ-ਖਰਾਬੇ

ਅਤਿਆਚਾਰ

ਦੀ 'ਅਣਹੋਂਦ' ਅਤੇ 'ਅਭਾਵ' ਹੈ। ਕਿਉਂਕਿ, ਹਰ ਇਕ 'ਜੀਵ' ਦਾ, 'ਅੰਤ੍ਰਿ' ਨਾਲ ਲਿਖਿਆ ਹੋਇਆ 'ਧਰਮੁ', ਇਕੋ-ਇਕ ਹੈ-ਜਿਸ ਕਾਰਨ ਸਾਰੇ ਜੀਵ, 'ਆਤਕਿਮ ਨਾਤੇ' ਵਜੋਂ, 'ਆਤਮਿਕ-ਭਰਾ' ਹਨ (universal brotherhood)।

'ਏਕੁ ਪਿਤਾ ਏਕਸ ਕੇ ਹਮ ਬਾਰਿਕ' (ਪੰਨਾ-611)

ਪਰ, ਇਨਸਾਨੀ 'ਮਨ' ਉਤੇ ਜਦ ਮਾਇਕੀ ਭਰਮ-ਭੁਲਾਵੇ ਦਾ 'ਛੋੜ' ਚੜ੍ਹ ਜਾਂਦਾ ਹੈ, ਤਾਂ ਉਹ ਆਪਣੇ ਕੇਂਦਰ, ਅਕਾਲ-ਪੁਰਖ ਦੀ 'ਹੋਂਦ' ਤੋਂ:—

ਸ਼ਰਧਾਹੀਣ

ਪਾਵਨਾ ਹੀਣ

ਪਿਆਰ ਹੀਣ

ਮਨੁਕਿਰ

ਨਾਸਤਕ

ਮਨਮੁਖ

ਮਨੂਰ

ਹੁੰਦਾ ਜਾਂਦਾ ਹੈ, ਜਿਸ ਦੀ ਵਜਹ ਨਾਲ, 'ਸ਼ਰਧਾ-ਭਾਵਨੀ' ਰੂਪੀ 'ਪ੍ਰੀਤ-ਡੋਰੀ'

ਦੀ ਖਿਚ, ਕਮਜ਼ੋਰ ਹੁੰਦੀ ਜਾਂਦੀ ਹੈ।

ਇਸ ਤਰ੍ਹਾਂ, ਇਸ 'ਪ੍ਰੀਤ-ਡੋਰੀ' ਰਾਹੀਂ ਜੋ ਇਨਸਾਨ ਨੂੰ ਆਤਮਿਕ ਦਾਤਾਂ ਅਤੇ 'ਗੁਣ' ਪ੍ਰਦਾਨ ਹੁੰਦੇ ਸਨ—ਉਹ ਘਟਦੇ ਜਾਂਦੇ ਹਨ।

ਜਿਸ ਤਰ੍ਹਾਂ, ਸ਼ਾਮ ਨੂੰ ਚਾਨਣ ਘਟਦਾ ਜਾਂਦਾ ਹੈ ਅਤੇ ਹਨੇਰ ਵਧਦਾ ਜਾਂਦਾ ਹੈ—ਇਸੇ ਤਰ੍ਹਾਂ, ਇਨਸਾਨੀ 'ਮਨ' ਵਿਚ, ਜਿਉਂ-ਜਿਉਂ ਦੈਵੀ 'ਸ਼ਰਧਾ ਭਾਵਨੀ' 'ਘਟਦੀ' ਜਾਂਦੀ ਹੈ, ਤਿਉਂ-ਤਿਉਂ ਮਾਇਕੀ ਭਰਮ ਦਾ 'ਹਨੇਰ' 'ਵਧਦਾ' ਜਾਂਦਾ ਹੈ—ਅਤੇ ਮਾਇਆ ਦੇ ਭਰਮ-ਭੁਲਾਵੇ ਦਾ 'ਬੋਲ-ਬਾਲਾ' ਹੁੰਦਾ ਜਾਂਦਾ ਹੈ।

ਇਸ ਮਾਇਕੀ ਭਰਮ-ਭੁਲਾਵੇ ਦੇ ਹਨੇਰ ਵਿਚ, ਹਉਮੈ ਵੇੜ੍ਹੇ ਮਨ ਨਾਲ, ਅਸੀਂ ਜੋ ਭੀ 'ਧਰਮ-ਕਰਮ' ਕਰਦੇ ਹਾਂ ਉਹ ਸਭ :—

ਦਿਖਾਵਾ
ਸੁਆਰਥ
ਬੱਧਾ ਚਟੀ
ਫੋਕਟ
ਖੱਤੋ-ਖਤਾ
ਗ਼ਲਤ
ਹਾਨੀਕਾਰਕ
ਕੂੜ
ਪਾਖੰਡ
ਅਧਰਮ

ਹੁੰਦਾ ਹੈ।

'ਬਾਹਰਿ ਭੇਖ ਅੰਤਰਿ ਮਲੁ ਮਾਇਆ ॥
ਛਪਸਿ ਨਾਹਿ ਕਛੁ ਕਰੈ ਛਪਾਇਆ ॥
ਬਾਹਰਿ ਗਿਆਨ ਧਿਆਨ ਇਸਨਾਨ ॥
ਅੰਤਰਿ ਬਿਆਪੈ ਲੋਭੁ ਸੁਆਨੁ ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥' (ਪੰਨਾ-267)

'ਧ੍ਰਿਗੁ ਤਿਨਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥

ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥' (ਪੰਨਾ-1245)

'ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥' (ਪੰਨਾ-787)

'ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥' (ਪੰਨਾ-849)

'ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ
ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥' (ਪੰਨਾ-687)

'ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਗਹਾਵਥ ॥'
(ਪੰਨਾ-1001)

'ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥'
(ਪੰਨਾ-1343)

'ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥' (ਪੰਨਾ-216)

'ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥'
(ਪੰਨਾ-662)

'ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥1॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥'
(ਪੰਨਾ-641)

'ਨਵ ਛਿਅ ਖਟੁ ਬੋਲਹਿ ਮੁਖ ਆਗਰ
ਮੇਰਾ ਹਰਿ ਇਵ ਨ ਪਤੀਨੇ ॥' (ਪੰਨਾ-668)

'ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥' (ਪੰਨਾ-467)

'ਹਿਰਦੈ ਸਚੁ ਏਹੁ ਕਰਣੀ ਸਾਰੁ ॥
ਹੋਰੁ ਸਭੁ ਪਾਖੰਡ ਪੂਜ ਖੁਆਰੁ ॥' (ਪੰਨਾ–1343)

'ਬਿਨੁ ਗੁਰ ਸਬਦ ਨ ਛੂਟਸਿ ਕੋਇ ॥
ਪਾਖੰਡਿ ਕੀਨੈ ਮੁਕਤਿ ਨ ਹੋਇ ॥' (ਪੰਨਾ–839)

'ਪਾਖੰਡੁ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ॥'
(ਪੰਨਾ–1043)

'ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥'
(ਪੰਨਾ–1103)

ਜਿਸ ਮਨ ਉਤੇ, ਮਾਇਕੀ ਭਰਮ–ਭੁਲਾਵੇ ਦਾ ਅਸਰ ਘੱਟ ਹੁੰਦਾ ਹੈ, ਉਸ ਜੀਵ ਦੇ ਅਤਰ–ਆਤਮੇ ਵਿਚੋਂ, ਇਲਾਹੀ ਪ੍ਰਕਾਸ਼ ਦਾ ਝੌਲਾ ਜਿਹਾ ਅਕਸ ਪੈਂਦਾ ਹੈ। ਇਸੇ ਅੰਤਰਮੁਖੀ ਇਲਾਹੀ ਪ੍ਰਕਾਸ਼ ਜਾਂ 'ਧਰਮ' ਦੀ ਪ੍ਰੇਰਨਾ ਅਤੇ ਅਗਵਾਈ ਵਿਚ, ਉਹ ਕੁਝ 'ਨੇਕ' ਕਰਮ–ਧਰਮ ਪਰਉਪਕਾਰ, ਆਦਿ ਕਰਦਾ ਹੈ।

ਅਸਲ ਵਿਚ ਇਹ ਨੇਕੀਆਂ, ਕਰਮ–ਧਰਮ ਆਦਿ, ਅੰਤਰ–ਆਤਮੇ ਇਲਾਹੀ 'ਧਰਮੁ' ਦੇ ਦੈਵੀ ਗੁਣਾਂ ਦੇ 'ਅਕਸ' ਯਾ ਇਜ਼ਹਾਰ ਹੀ ਹੁੰਦੇ ਹਨ। ਇਸ ਵਿਚ ਜੀਵ ਦੀ ਕੋਈ ਵਡਿਆਈ ਨਹੀਂ ਹੁੰਦੀ।

ਪਰ 'ਜੀਵ' ਆਪਣੇ ਮਾਇਕੀ ਭਰਮ–ਭੁਲਾਵੇ ਵਿਚ, ਇਹਨਾਂ ਨੇਕ ਕਰਮਾਂ–ਧਰਮਾਂ ਵਿਚ ਆਪਣੀ ਹੀ ਵਡਿਆਈ ਸਮਝ ਕੇ, ਆਪਣੀ ਹਉਮੈ ਨੂੰ ਪੱਠੇ ਪਾਉਂਦਾ ਹੈ।

'ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥' (ਪੰਨਾ–1428)

'ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥' (ਪੰਨਾ–466)

'ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥
ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥'

(ਪੰਨਾ–278)

'ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥' (ਪੰਨਾ–466)

'ਹਉਮੈ' ਵਿਚ ਕੀਤੇ ਕਮਰਾਂ ਨੂੰ ਹੀ ਅਸੀਂ
'ਧਰਮ' ਯਾ
'ਇਨਸਾਨੀਅਤ'

ਮੰਨੀ ਬੈਠੇ ਹਾਂ!

ਗੁਰਬਾਣੀ ਵਿਚ ਐਸੇ ਕਰਮ–ਕਾਂਡੀ ਧਰਮਾਂ ਨੂੰ ਇਉਂ ਬਿਆਨਿਆ ਗਿਆ ਹੈ—

'ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥' (ਪੰਨਾ–551)

'ਕਮਰ ਧਰਮ ਕਰਿ ਮੁਕਤਿ ਮੰਗਾਹੀ ॥ ਮੁਕਤਿ ਪਦਾਰਥੁ ਸਬਦਿ ਸਲਾਹੀ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰ ਭਰਮਾਈ ਹੇ ॥'
(ਪੰਨਾ–1024)

'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥'
(ਪੰਨਾ–747)

'ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥'
(ਪੰਨਾ–4)

'ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਾਨ ਸੁਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਹੇਕ ਰਤੀ ਕੇ ॥'
(ਤ੍ਵ ਪ੍ਰਸਾਦਿ ਸਵੱਯੇ, ਪਾ: 10)

ਐਸੇ ਬਾਹਰਲੇ ਕਰਮ–ਕਾਂਡੀ ਧਰਮਾਂ ਤੋਂ ਇਲਾਵਾ, ਹੋਰ ਕਿਸੇ
ਉਚੇਰੇ
ਚੰਗੇਰ

ਭਲੇਰੇ

ਨਾਲ–ਲਿਖੇ

ਇਲਾਹੀ

ਸਚੇ

ਸੁਚੇ

ਅਟੱਲ

ਇਲਾਹੀ

ਸਰਬੱਗ

ਵਿਸ਼ਵ

ਆਤਮਿਕ 'ਧਰਮੁ' ਦੀ ਬਾਬਤ ਸਾਨੂੰ

ਸਮਝ ਹੀ ਨਹੀਂ
ਗਿਆਨ ਹੀ ਨਹੀਂ
ਸੋਝੀ ਹੀ ਨਹੀਂ
ਵਿਚਾਰ ਹੀ ਨਹੀਂ
ਉੱਦਮ ਹੀ ਨਹੀਂ
ਲੋੜ ਹੀ ਨਹੀਂ

ਅਤੇ ਅਸੀਂ 'ਮੰਨਣ' ਨੂੰ ਤਿਆਰ ਨਹੀਂ।

ਭਾਵੇਂ ਅਨੇਕਾਂ ਗੁਰੂਆਂ, ਅਵਤਾਰਾਂ, ਮਹਾਂਪੁਰਖਾਂ, ਸੰਤਾਂ ਨੇ, ਆਪਣੀ ਸ਼ਖਸੀਅਤ ਅਤੇ ਬਾਣੀਆਂ ਦੁਆਰਾ, ਕਿਸੇ ਹੋਰ ਉਚੇ–ਸੁਚੇ ਇਲਾਹੀ ਧਰਮ ਦੀ ਬਾਬਤ ਚੰਗੀ ਤਰ੍ਹਾਂ ਰੋਸ਼ਨੀ ਪਾਈ ਹੈ।

ਗੁਰਬਾਣੀ ਵਿਚ ਭੀ ਇਸ ਉਚੇ ਸੁਚੇ ਇਲਾਹੀ ਧਰਮੁ ਨੂੰ ਇਉਂ ਦਰਸਾਇਆ ਹੈ—

'ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ॥'

(ਪੰਨਾ–ਰਾਮਕਲੀ ਪਾ: 10)

'ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥' (ਪੰਨਾ–266)

‘ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥’ (ਪੰਨਾ–1188)

‘ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥’ (ਪੰਨਾ–299)

‘ਕਰਮ ਧਰਮ ਸਚੁ ਸਾਚਾ ਨਾਉ ॥’ (ਪੰਨਾ–353)

‘ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥’ (ਪੰਨਾ–419)

(ਚਲਦਾ............)